**ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈਸਿ), ਪੰਜਾਬ, ਐਸ.ਏ.ਐਸ. ਨਗਰ**
**(ਕੋਆਰਡੀਨੇਸ਼ਨ ਸ਼ਾਖਾ)**

ਸੇਵਾ ਵਿਖੇ

1. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ),ਪੰਜਾਬ।
2. ਸਮੂਹ ਪ੍ਰਿੰਸੀਪਲ/ਸਕੂਲ ਮੁੱਖੀ, ਪੰਜਾਬ।
(ਵੈਬਸਾਈਟ ਰਾਹੀਂ)

ਮੀਮੋ ਨੰ: 15/19-2019 ਕੋ ਸ਼ਾਖਾ (1)/2019੫੦੩੬੦
ਮਿਤੀ: ੨5.11.2019

**ਵਿਸ਼ਾ:** **ਨਵੀਂ ਪੈਨਸ਼ਨ ਸਕੀਮ ਤਹਿਤ ਕਵਰ ਹੁੰਦੇ ਕਰਮਚਾਰੀਆਂ/ ਅਧਿਕਾਰੀਆਂ ਨੂੰ ਸੰਭਾਵੀ ਦੋਹਰੇ ਪੈਨਸ਼ਨਰੀ ਲਾਭਾਂ ਦੀ ਅਦਾਇਗੀ ਰੋਕਣ ਬਾਰੇ।**

ਹਵਾਲਾ: ਪੰਜਾਬ ਸਰਕਾਰ, ਵਿੱਤ ਵਿਭਾਗ (ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ) ਦਾ ਪੱਤਰ ਨੰ: 2/33/2017--2ਵਿਪਪਤ/1901 ਮਿਤੀ 24.10.2019.

ਉਪਰੋਕਤ ਵਿਸ਼ੇ ਤੇ ਹਵਾਲਾ ਅਧੀਨ ਪੱਤਰ ਦੀ ਕਾਪੀ ਆਪ ਨੂੰ ਇੰਨ ਬਿੰਨ ਪਾਲਣਾ ਹਿੱਤ ਭੇਜੀ ਜਾਂਦੀ ਹੈ।

ਨੱਥੀ: ਉਕਤ ਅਨੁਸਾਰ

੨੨.11.19

ਸਹਾਇਕ ਡਾਇਰੈਕਟਰ (ਕੋ.ਸ਼ਾਖਾ)

ਪਿੱਠ.ਅੰ.ਨੰ: ਉਕਤ ਮਿਤੀ ੨5.11.2019

ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਯੋਗ ਕਾਰਵਾਈ ਹਿੱਤ ਭੇਜਿਆ ਜਾਦਾ ਹੈ।

1. ਪੀ.ਆਰ.ਓ./ਸਕੱਤਰ ਸਕੂਲ ਸਿੱਖਿਆ।
2. ਰਜਿਸਟਰਾਰ ਸਿੱਖਿਆ ਵਿਭਾਗ, ਦਫਤਰ ਡੀ.ਪੀ.ਆਈ. (ਸੈਸਿ), ਪੰਜਾਬ।

੨੨.11.19

ਸਹਾਇਕ ਡਾਇਰੈਕਟਰ (ਕੋ.ਸ਼ਾਖਾ)

Draft 2019

ਨੰ: 2/33/2017-2ਵਿਪਪਤ/1901

ਪੰਜਾਬ ਸਰਕਾਰ
ਵਿੱਤ ਵਿਭਾਗ
(ਵਿੱਤ ਪੈਨਸ਼ਨ ਪਾਲਿਸੀ ਅਤੇ ਤਾਲਮੇਲ ਸ਼ਾਖਾ)

24563 ਮਿਤੀ
07/11/19

ਮਿਤੀ:ਚੰਡੀਗੜ੍ਹ: 24.10.19

ਸੇਵਾ ਵਿਖੇ

ਸਮੂਹ ਵਿਭਾਗਾਂ ਦੇ ਮੁੱਖੀ,
ਰਜਿਸਟਰਾਰ ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾ ਦੇ ਕਮਿਸਨਰ,
ਜਿਲ੍ਹਾ ਅਤੇ ਸੈਸ਼ਨ ਜੱਜ ਅਤੇ
ਸਮੂਹ ਡਿਪਟੀ ਕਮਿਸ਼ਨਰ, ਪੰਜਾਬ ਰਾਜ ਵਿੱਚ।

ਵਿਸਾ:- ਨਵੀਂ ਪੈਨਸ਼ਨ ਸਕੀਮ ਤਹਿਤ ਕਵਰ ਹੁੰਦੇ ਕਰਮਚਾਰੀਆਂ/ਅਧਿਕਾਰੀਆਂ ਨੂੰ ਸੰਭਾਵੀ ਦੋਹਰੇ ਪੈਨਸ਼ਨਰੀ ਲਾਭਾਂ ਦੀ ਅਦਾਇਗੀ ਰੋਕਣ ਬਾਰੇ।

******

ਸ੍ਰੀਮਾਨ/ਸ੍ਰੀਮਤੀ ਜੀ,

ਮੈਨੂੰ ਆਪ ਜੀ ਦਾ ਧਿਆਨ ਉਪਰੋਕਤ ਵਿਸੇ ਵੱਲ ਦਿਵਾਉਣ ਅਤੇ ਇਹ ਦੱਸਣ ਦੀ ਹਦਾਇਤ ਹੋਈ ਹੈ ਕਿ ਵਿੱਤ ਵਿਭਾਗ ਵਲੋਂ ਪੱਤਰ ਨੰ: 5/9/2014-5ਵਿਪਪਤ/1259, ਮਿਤੀ 17.07.2014 ਰਾਹੀ ਜਾਰੀ ਹਦਾਇਤਾਂ ਵਿਚ ਇਹ ਸਪੱਸਟ ਕੀਤਾ ਹੋਇਆ ਹੈ ਕਿ ਜਿਹੜੇ ਕਰਮਚਾਰੀ/ਅਧਿਕਾਰੀ ਨਵੀਂ ਪੈਨਸਨ ਸਕੀਮ ਤੋ ਕਿਸੇ ਕਾਰਨ ਪੁਰਾਣੀ ਪੈਨਸਨ ਸਕੀਮ ਵਿਚ (ਪਰਾਨ ਅਲਾਟ ਹੋਣ ਉਪਰੰਤ) ਚਲੇ ਗਏ ਹਨ ਅਤੇ ਜਿਹਨਾਂ ਦੇ ਫੰਡਜ ਨਿਵੇਸ ਹੋ ਚੁੱਕੇ ਹਨ, ਉਹਨਾਂ ਦੇ ਪਰਾਨ ਖਾਤੇ ਵਿਚ ਪਈ ਪੂਰੀ ਰਾਸ਼ੀ ਨੂੰ ਉਹਨਾਂ ਦੀ ਨਿਯਮਾਂ/ਹਦਾਇਤਾਂ ਅਨੁਸਾਰ ਪ੍ਰਾਪਤ ਹੋਣ ਵਾਲੀ ਪ੍ਰਤੀਬੇਨਤੀ ਤੇ ਸਮਰੱਥ ਅਧਿਕਾਰੀ ਵਲੋਂ ਵਿਦਡਰਾਅ (withdrawal) ਕੀਤਾ ਜਾਵੇਗਾ। ਇਸ ਰਕਮ ਵਿਚੋਂ ਕਰਮਚਾਰੀ ਦੀ ਕੱਟੀ ਗਈ ਰਾਸ਼ੀ (ਸਿੰਗਲ ਸ਼ੇਅਰ ਬਿਨ੍ਹਾਂ ਵਿਆਜ/ਮਾਰਕਿਟ ਰਿਟਰਨ) ਉਸਨੂੰ ਵਾਪਸ ਕੀਤੀ ਜਾਵੇਗੀ ਅਤੇ ਬਾਕੀ ਰਹਿੰਦੀ ਸਾਰੀ ਰਾਸ਼ੀ ਸਰਕਾਰ ਦੇ ਖਾਤੇ ਵਿਚ ਮੁੱਖ ਮੱਦ 0071-ਪੈਨਸ਼ਨ ਅਤੇ ਹੋਰ ਪੈਨਸ਼ਨਰੀ ਬੈਨਿਫਿਟ ਅਧੀਨ ਜਮ੍ਹਾਂ ਕਰਵਾ ਦਿੱਤੀ ਜਾਵੇਗੀ।

2. ਨਵੀਂ ਪੈਨਸ਼ਨ ਸਕੀਮ ਵਿਚ ਕਵਰ ਹੋਣ ਉਪਰੰਤ ਕਿਸੇ ਕਾਰਨ ਪੁਰਾਣੀ ਪੈਨਸ਼ਨ ਸਕੀਮ ਵਿਚ ਜਾਣ ਵਾਲੇ ਕਰਮਚਾਰੀਆਂ/ਅਧਿਕਾਰੀਆਂ ਦੇ ਦੋ ਤਰ੍ਹਾਂ ਦੇ ਕੇਸ ਹੋ ਸਕਦੇ ਹਨ , ਪਹਿਲੇ ਉਹ ਜਿੱਥੇ ਅਜੇ ਤੱਕ ਸਬੰਧਤ ਕਰਮਚਾਰੀ/ਅਧਿਕਾਰੀ ਨੂੰ ਨਵੀ ਪੈਨਸ਼ਨ ਸਕੀਮ ਤਹਿਤ

ਬਣਦੇ ਲਾਭ ਮੰਜੂਰ ਨਹੀ ਕੀਤੇ ਗਏ ਅਤੇ ਦੂਸਰੇ ਉਹ ਜਿੱਥੇ ਕੋਈ ਕਰਮਚਾਰੀ/ਅਧਿਕਾਰੀ ਨਵੀਂ ਪੈਨਸ਼ਨ ਸਕੀਮ ਤਹਿਤ ਬਣਦੇ ਲਾਭ ਲੈਣ ਉਪਰੰਤ ਪੁਰਾਣੀ ਪੈਨਸ਼ਨ ਸਕੀਮ ਵਿਚ ਕਵਰ ਹੋ ਗਿਆ ਹੈ। ਇਹਨਾਂ ਦੋਨਾਂ ਕੇਸਾਂ ਵਿਚ ਪੁਰਾਣੀ ਪੈਨਸ਼ਨ ਸਕੀਮ ਤਹਿਤ ਬਣਦੇ ਦਿੱਤੇ ਜਾਣ ਵਾਲੇ ਪੈਨਸ਼ਨਰੀ ਲਾਭਾਂ ਸਬੰਧੀ ਗਹੁ ਨਾਲ ਵਿਚਾਰ ਕਰਨ ਉਪਰੰਤ ਵਿੱਤ ਵਿਭਾਗ ਵਲੋਂ ਹੇਠ ਲਿਖੇ ਅਨੁਸਾਰ ਫੈਸਲਾ ਲਿਆ ਗਿਆ ਹੈ:-

ੳ) <u>ਐਨ.ਪੀ.ਐਸ ਦੀ ਅੰਤਿਮ ਅਦਾਇਗੀ ਅਜੇ ਨਾ ਹੋਈ ਹੋਣ ਦੀ ਸੂਰਤ ਵਿੱਚ:</u>

ਕਿਸੇ ਕਰਮਚਾਰੀ/ਅਧਿਕਾਰੀ ਨੂੰ ਨਵੀਂ ਪੈਨਸ਼ਨ ਸਕੀਮ ਤੋ ਪੁਰਾਣੀ ਪੈਨਸ਼ਨ ਸਕੀਮ ਤਹਿਤ ਕਵਰ ਕਰਨ ਉਪਰੰਤ ਭੇਜੇ ਜਾਣ ਵਾਲੇ ਐਨ.ਪੀ.ਐਸ ਦੇ ਅੰਤਿਮ ਅਦਾਇਗੀ ਦੇ ਕੇਸ ਨਾਲ ਸਬੰਧਤ ਅੰਸ਼ਦਾਤਾ ਦੀ ਇਹ ਅੰਡਰਟੇਕਿੰਗ ਵੀ ਸ਼ਾਮਲ ਕੀਤੀ ਜਾਵੇਗੀ ਕਿ ਉਸਦੇ ਪਰਾਨ ਖਾਤੇ ਵਿਚੋਂ ਸਾਰੀ ਰਾਸ਼ੀ ਸਮਰੱਥ ਅਥਾਰਟੀ ਵਿਦਡਰਾਅ (withdrawal) ਕਰਕੇ, ਉਸ ਵਿਚੋਂ ਉਸਦਾ ਆਪਣਾ ਸ਼ੇਅਰ ਛੱਡ ਕੇ, ਬਾਕੀ ਰਹਿੰਦੀ ਸਾਰੀ ਰਾਸ਼ੀ ਸਰਕਾਰੀ ਖਜਾਨੇ ਵਿਚ ਜਮ੍ਹਾਂ ਕਰਵਾਉਣ ਸਬੰਧੀ ਉਸਨੂੰ ਕੋਈ ਇਤਰਾਜ ਨਹੀਂ ਹੈ। ਅੰਤਿਮ ਅਦਾਇਗੀ ਦੇ ਕੇਸ ਦੀ ਪ੍ਰੋਸੈਸਿੰਗ ਉਪਰੰਤ ਮੈਚਿੰਗ ਸ਼ੇਅਰ ਤੇ Growth ਸਰਕਾਰੀ ਖਜਾਨੇ ਵਿਚ ਜਮ੍ਹਾਂ ਕਰਵਾਉਣ ਉਪਰੰਤ ਸਬੰਧਤ ਦਫਤਰੀ ਮੁਖੀ ਉਸਨੂੰ ਪੁਰਾਣੀ ਪੈਨਸ਼ਨ ਸਕੀਮ ਦੇ ਬਣਦੇ ਲਾਭ ਦੇਣ ਲਈ ਨਿਯਮਾਂ ਅਨੁਸਾਰ ਬਣਦੀ ਕਾਰਵਾਈ ਕਰਨਗੇ।

ਅ) <u>ਐਨ.ਪੀ.ਐਸ ਦੀ ਅੰਤਿਮ ਅਦਾਇਗੀ ਹੋਈ ਹੋਣ ਦੀ ਸੂਰਤ ਵਿੱਚ:</u>

ਜਿਹਨਾਂ ਕੇਸਾਂ ਵਿਚ ਅਧਿਕਾਰੀ/ਕਰਮਚਾਰੀ ਰਿਟਾਇਰ ਹੋ ਚੁੱਕੇ ਹਨ, ਨਵੀਂ ਪੈਨਸ਼ਨ ਸਕੀਮ ਦੇ ਬਣਦੇ ਲਾਭ ਪ੍ਰਾਪਤ ਕਰ ਚੁੱਕੇ ਹਨ ਅਤੇ ਇਸ ਉਪਰੰਤ ਕਿਸੇ ਕਾਰਨ ਕਰਕੇ ਨਵੀਂ ਪੈਨਸ਼ਨ ਸਕੀਮ ਤੋਂ ਪੁਰਾਣੀ ਪੈਨਸ਼ਨ ਸਕੀਮ ਤਹਿਤ ਕਵਰ ਹੋ ਗਏ ਹਨ ਤਾਂ ਅਜਿਹੇ ਕੇਸਾਂ ਵਿਚ ਪੁਰਾਣੀ ਪੈਨਸ਼ਨ ਸਕੀਮ ਦੇ ਬਣਦੇ ਲਾਭ ਪ੍ਰਾਪਤ ਕਰਨ ਤੋ ਪਹਿਲਾਂ ਦਫਤਰੀ ਮੁਖੀ ਸਬੰਧਤ ਅੰਸ਼ਦਾਤਾ ਨੂੰ ਸਰਕਾਰ ਵਲੋਂ ਦਿੱਤੇ ਗਏ ਮੈਚਿੰਗ ਸ਼ੇਅਰ ਅਤੇ ਐਨ.ਪੀ.ਐਸ ਤਹਿਤ ਹੋਈ Growth ਦੀ ਬਣਦੀ ਰਿਕਵਰੀ ਸਮੇਤ ਵਿਆਜ ( ਸਬੰਧਤ ਸਮੇਂ ਵਿਚ ਜੀ.ਪੀ.ਫੰਡ ਦੇ ਵਿਆਜ ਦੀ ਦਰ ਅਨੁਸਾਰ) ਜਮ੍ਹਾਂ ਕਰਵਾਉਣ ਲਈ, ਸਬੰਧਤ ਅੰਸ਼ਦਾਤਾ (ਰਿਟਾਇਰੀ) ਨੂੰ ਅਤੇ ਮੌਤ ਦੇ ਕੇਸਾਂ ਵਿਚ ਉਸਦੇ ਪਰਿਵਾਰ ਨੂੰ, ਪੱਤਰ ਲਿਖਦੇ ਹੋਏ ਚਲਾਨ ਰਾਹੀਂ ਰਾਸ਼ੀ ਜਮ੍ਹਾਂ ਕਰਵਾਉਣ ਲਈ ਕਹਿਣਗੇ। ਇਹ ਰਾਸ਼ੀ ਜਮ੍ਹਾਂ ਹੋਣ ਉਪਰੰਤ ਉਸਦੇ ਪੁਰਾਣੀ ਪੈਨਸ਼ਨ ਸਕੀਮ ਤਹਿਤ ਬਣਦੇ ਪੈਨਸ਼ਨਰੀ ਲਾਭ ਮੰਜੂਰ ਕੀਤੇ ਜਾਣਗੇ।

.....-3-

3. ਪੁਰਾਣੀ ਪੈਨਸ਼ਨ ਸਕੀਮ ਤਹਿਤ ਕਵਰ ਕਰਨ ਦੇ ਹੁਕਮ, ਪ੍ਰਮੁੱਖ ਲੇਖਾ ਦਫਤਰ ਵਿੱਤ ਵਿਭਾਗ ਦੀਆਂ ਹਦਾਇਤਾਂ ਮਿਤੀ 26.04.2016 ਰਾਂਹੀ ਜਾਰੀ ਕੀਤੇ ਨਮੂਨੇ (ਨੱਥੀ ਹੈ) ਵਿਚ ਹੀ ਸਬੰਧਤ ਨਿਯੁਕਤੀ ਕਰਤਾ ਅਧਿਕਾਰੀ ਵੱਲੋਂ ਜਾਰੀ ਕੀਤੇ ਜਾਣੇ ਹਨ।

4. ਪੁਰਾਣੀ ਪੈਨਸ਼ਨ ਸਕੀਮ ਅਧੀਨ ਕਵਰ ਹੋਣ ਸਬੰਧੀ ਪੈਨਸ਼ਨਰੀ ਬੈਨਿਫਿਟ ਦੇਣ ਸਮੇਂ ਐਨ.ਪੀ.ਐਸ ਤਹਿਤ ਕੀਤੀ ਗਈ ਰਿਕਵਰੀ ਦਾ ਇੰਦਰਾਜ ਸੇਵਾ ਪੱਤਰੀ ਵਿਚ ਕਰਨਾ ਜਰੂਰੀ ਹੋਵੇਗਾ।

5. ਕਿਸੇ ਵੀ ਵਿਭਾਗ/ਡੀ.ਡੀ.ਓ ਵੱਲੋਂ ਇਹਨਾਂ ਹਦਾਇਤਾਂ ਅਨੁਸਾਰ ਕਾਰਵਾਈ ਨਾ ਕਰਨ ਕਾਰਨ ਅਤੇ ਸਰਕਾਰ ਨੂੰ ਵਿੱਤੀ ਨੁਕਸਾਨ ਹੋਣ ਦੀ ਸੂਰਤ ਵਿਚ ਪ੍ਰਬੰਧਕੀ ਵਿਭਾਗ/ਵਿਭਾਗਾਂ ਦੇ ਮੁਖੀ ਅਤੇ ਸਬੰਧਤ ਡੀ.ਡੀ.ਓ ਜਿੰਮੇਵਾਰ ਸਮਝੇ ਜਾਣਗੇ।

6. ਇਹਨਾਂ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

ਵਿਸ਼ਵਾਸਪਾਤਰ,

(ਜਸਮਿੰਦਰ ਸਿੰਘ)
ਉਪ ਸਕੱਤਰ ਵਿੱਤ